# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਵੈਬਸਾਈਟ ਰਾਹੀਂ)।
ਸਮੂਹ ਸਕੂਲ ਮੁਖੀ (ਵੈਬਸਾਈਟ ਰਾਹੀਂ)।
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/77984
ਮਿਤੀ ਚੰਡੀਗੜ੍ਹ 18.04.2012

**ਵਿਸ਼ਾ:** **ਬਾਲ ਸਭਾ ਵਿੱਚ ਕਰਵਾਈਆਂ ਜਾਣ ਵਾਲੀਆਂ ਕ੍ਰਿਆਵਾਂ ਸਬੰਧੀ।**

**ਹਵਾਲਾ:** **ਇਸ ਦਫ਼ਤਰ ਦਾ ਪੱਤਰ ਨੰ ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./ 2010/21766-785 ਮਿਤੀ 25.04.11 ਅਤੇ ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2011/089071 ਮਿਤੀ 18.10.11**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪਤੱਰਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਉਹਨਾਂ ਨੂੰ ਸਹਿ-ਵਿੱਦਿਅਕ ਕ੍ਰਿਆਵਾਂ ਕਰਵਾਉਣੀਆਂ ਵੀ ਜਰੂਰੀ ਹਨ। ਇਸ ਮਨੋਰਥ ਲਈ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਹਰ ਸ਼ਨਿੱਚਰਵਾਰ ਅੱਧੀ ਛੁੱਟੀ ਤੋਂ ਬਾਅਦ ਬਾਲ ਸਭਾ ਕਰਵਾਈ ਜਾਂਦੀ ਹੈ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਹਰ ਸ਼ਨਿੱਚਰਵਾਰ ਅੱਧੀ ਛੁੱਟੀ ਤੋਂ ਬਾਅਦ ਬਾਲ ਸਭਾ ਦਾ ਆਯੋਜਨ ਸੁਚਾਰੂ ਢੰਗ ਨਾਲ ਕਰਵਾਇਆ ਜਾਵੇ ਅਤੇ ਇਸ ਵਿੱਚ ਹੇਠ ਲਿਖੀਆਂ ਕ੍ਰਿਆਵਾਂ ਕਰਵਾਈਆਂ ਜਾਣ:-

(ੳ) ਡਰਾਇੰਗ ਮੁਕਾਬਲਾ।

(ਅ) ਸੁੰਦਰ ਲਿਖਾਈ ਮੁਕਾਬਲਾ।

(ੲ) ਪਹਾੜਿਆਂ ਦੇ ਮੁਕਾਬਲੇ।

(ਸ) ਮੈਗਜ਼ੀਨ, ਕਿਤਾਬਾਂ ਪੜ੍ਹਕੇ ਇਹਨਾਂ ਵਿੱਚੋਂ ਉੱਤਰ ਮੁਕਾਬਲੇ।

(ਹ) ਕਵਿਤਾ ਉਚਾਰਣ ਮੁਕਾਬਲੇ।

(ਕ) ਅੰਗਰੇਜ਼ੀ, ਪੰਜਾਬੀ ਭਾਸ਼ਾ ਪੜ੍ਹਨ ਦੇ ਮੁਕਾਬਲੇ।

(ਖ) ਬਾਗਬਾਨੀ ਮੁਕਾਬਲੇ।

(ਗ) ਸਾਫ਼ ਸਫ਼ਾਈ ਦੇ ਮੁਕਾਬਲੇ।

(ਘ) ਕਲੇਅ ਮਾਡਲਿੰਗ।

(ਙ) ਖੇਡਾਂ ਦੇ ਮੁਕਾਬਲੇ।

(ਚ) ਪੜ੍ਹੋ ਪੰਜਾਬ ਦੀਆਂ ਖੇਡਾਂ।

(ਛ) ਆਮ ਗਿਆਨ ਵਿਗਿਆਨ ਦੇ ਮੁਕਾਬਲੇ।

(ਜ) ਨਕਸ਼ਿਆਂ ਦੀ ਸੁਚਾਰੂ ਵਰਤੋਂ ਅਤੇ ਮੁਕਾਬਲੇ (ਪੰਜਾਬ, ਭਾਰਤ, ਜ਼ਿਲ੍ਹਾ)।

4.0 ਸਾਰੇ ਅਧਿਆਪਕਾਂ ਦਾ ਬਾਲ ਸਭਾ ਵਿੱਚ ਬੱਚਿਆਂ ਨਾਲ ਹੋਣਾ ਜ਼ਰੂਰੀ ਹੈ।

5.0 ਉਪਰੋਕਤ ਸਬੰਧੀ ਕਰਵਾਈਆਂ ਜਾਣ ਵਾਲੀਆਂ ਕ੍ਰਿਆਵਾਂ ਬਾਰੇ ਸੀ.ਐਮ.ਟੀ. ਆਪਣੇ ਕਲੱਸਟਰ ਵਿੱਚ ਸਾਰੇ ਸਕੂਲਾਂ ਦੇ ਅਧਿਆਪਕਾਂ ਨੂੰ ਇਸ ਬਾਰੇ ਇੱਕ ਹਫ਼ਤਾ ਪਹਿਲਾਂ ਹੀ ਸੂਚਿਤ ਕਰੇਗਾ ਤਾਂ ਜੋ ਇਹਨਾਂ ਹੋਣ ਵਾਲੀਆਂ ਕ੍ਰਿਆਵਾਂ ਲਈ ਅਧਿਆਪਕ ਬੱਚਿਆਂ ਨੂੰ ਤਿਆਰੀ ਕਰਵਾ ਸਕਣ ਅਤੇ ਸਮੁੱਚੇ ਕਲੱਸਟਰ ਦੇ ਸਕੂਲਾਂ ਅੰਦਰ ਇਹਨਾਂ ਦੀ ਇਕਸਾਰਤਾ ਰਹੇ।

6.0 ਬਾਲ ਸਭਾ ਦੀਆਂ ਇਹ ਗਤੀਵਿਧੀਆਂ ਕਰਵਾਉਣੀਆਂ ਜ਼ਰੂਰੀ ਹਨ ਤਾਂ ਜੋ ਪ੍ਰਗਤੀ ਰਜਿਸਟਰ ਦੇ ਸਹਿ-ਵਿੱਦਿਅਕ ਸਰਗਰਮੀਆਂ ਵਾਲੇ ਖਾਨੇ ਵਿੱਚ ਇਹਨਾਂ ਗਤੀਵਿਧੀਆਂ ਨੂੰ ਦਰਜ ਕੀਤਾ ਜਾ ਸਕੇ ਅਤੇ ਬੱਚੇ ਦਾ ਸਰਵਪੱਖੀ ਮੁਲਾਂਕਣ ਹੋ ਸਕੇ।

7.0 ਹਰੇਕ ਬੱਚੇ ਦਾ ਇਹਨਾਂ ਗਤੀਵਿਧੀਆਂ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

8.0 ਮਹੀਨੇ ਵਿੱਚ ਇੱਕ ਵਾਰ ਸੀ.ਐਮ.ਟੀ./ਬੀ.ਐਮ.ਟੀ. ਦੁਆਰਾ ਇਹਨਾਂ ਸਹਿ-ਵਿੱਦਿਅਕ ਕ੍ਰਿਆਵਾਂ ਦੇ ਕਲੱਸਟਰ/ਬਲਾਕ ਪੱਧਰ ਤੇ ਮੁਕਾਬਲੇ ਵੀ ਕਰਵਾਏ ਜਾਣ।

9.0 ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ, ਬੀ.ਐਮ.ਟੀ., ਬੀ.ਪੀ.ਈ.ਓ. ਇਹਨਾਂ ਦੀ ਮੁਨਿਟਰਿੰਗ ਕਰਨਗੇ ਅਤੇ ਹਰੇਕ ਸਕੂਲ ਅੰਦਰ ਇਹਨਾਂ ਕ੍ਰਿਆਵਾਂ ਦਾ ਹੋਣਾ ਯਕੀਨੀ ਬਣਾਉਣਗੇ।

**-ਸਹੀ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿਠਅੰਕਣ ਨੰ: ਉਕਤ/77985** **ਮਿਤੀ: 18.04.2012**

ਉਤਾਰਾ: (1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**-ਸਹੀ-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**